4109/ਸੰਟ੍ਰੀ
27.5.19

# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

**ਵਿਸ਼ਾ: ਪੰਜਵੀਂ ਅਤੇ ਅੱਠਵੀਂ ਦਾ ਐਫੀਲੀਏਸ਼ਨ ਸ਼ਨਾਖਤੀ ਨੰਬਰ ਲੈਣ ਸਬੰਧੀ ਹਦਾਇਤਾਂ।**

ਉਪਰੋਕਤ ਵਿਸ਼ੇ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਦੱਸਿਆ ਜਾਂਦਾ ਹੈ ਕਿ:-

1. ਜਿਨ੍ਹਾਂ ਸੰਸਥਾਵਾਂ ਵੱਲੋਂ ਅੱਠਵੀਂ ਪੱਧਰ ਤੱਕ ਦੀ ਐਫੀਲੀਏਸ਼ਨ ਪ੍ਰਾਪਤ ਕਰਨ ਲਈ ਆਨ-ਲਾਇਨ ਪ੍ਰੋਫਾਰਮਾ ਭਰਿਆ ਜਾ ਰਿਹਾ ਹੈ, ਉਹਨਾਂ ਨੂੰ ਕੇਵਲ 8,000/-ਰੁ: ਫੀਸ ਹੀ ਜਮ੍ਹਾ ਕਰਵਾਉਣੀ ਹੋਵੇਗੀ। ਪੰਜਵੀਂ ਪੱਧਰ ਲਈ ਅਲੱਗ ਫੀਸ/ਪ੍ਰੋਫਾਰਮਾ ਭਰਨ ਦੀ ਲੋੜ ਨਹੀਂ ਹੈ।

2. ਜਿਨ੍ਹਾਂ ਸੰਸਥਾਵਾਂ ਵੱਲੋਂ ਪੰਜਵੀਂ ਪੱਧਰ ਤੱਕ ਦੀ ਐਫੀਲੀਏਸ਼ਨ ਪ੍ਰਾਪਤ ਕਰਨ ਲਈ ਆਨ-ਲਾਇਨ ਪ੍ਰੋਫਾਰਮਾ ਭਰਿਆ ਜਾ ਰਿਹਾ ਹੈ, ਉਹਨਾਂ ਨੂੰ ਕੇਵਲ 5,000/-ਰੁ: ਫੀਸ ਹੀ ਜਮ੍ਹਾ ਕਰਵਾਉਣੀ ਹੋਵੇਗੀ।

3. ਜਿਹੜੀਆਂ ਸੰਸਥਾਵਾਂ ਅੱਠਵੀਂ ਪੱਧਰ ਤੱਕ ਐਫੀਲੀਏਸ਼ਨ ਲੈਣ ਲਈ ਪ੍ਰੋਫਾਰਮਾ ਭਰਨਾ ਚਾਹੁੰਦੀਆਂ ਹਨ ਪਰ ਉਹਨਾਂ ਵੱਲੋਂ ਗਲਤੀ ਨਾਲ ਪੰਜਵੀਂ ਪੱਧਰ ਤੱਕ ਦਾ ਚਲਾਨ ਜਰਨੇਟ ਹੋ ਗਿਆ ਹੈ, ਅਜਿਹੀਆਂ ਸੰਸਥਾਵਾਂ ਵੱਲੋਂ ਜਨਰੇਟ ਹੋਏ ਚਲਾਨ ਦੀ ਕਾਪੀ ਅਤੇ ਆਪਣੇ ਸਕੂਲ ਦੇ ਲੈਟਰ ਹੈੱਡ ਤੇ ਚਲਾਨ ਕੈਂਸਲ ਕਰਵਾਉਣ ਲਈ ਈ.ਮੇਲ ਆਈ.ਡੀ branchaffiliation@gmail.com ਤੇ ਪ੍ਰਤੀ ਬੇਨਤੀ ਭੇਜੀ ਜਾਵੇ, ਤਾਂ ਜੋ ਗਲਤ ਚਲਾਨ ਕੈਂਸਲ ਕਰਕੇ ਨਵਾਂ ਜਨਰੇਟ ਕਰਵਾਇਆ ਜਾ ਸਕੇ।

4. ਇਹ ਵੀ ਸਪਸ਼ਟ ਕੀਤਾ ਜਾਂਦਾ ਹੈ, ਕਿ ਜਿਹੜੇ ਸਕੂਲ ਬੋਰਡ ਨਾਲ ਪਹਿਲਾ ਹੀ ਦਸਵੀਂ ਅਤੇ ਬਾਰਵੀਂ ਪੱਧਰ ਤੱਕ ਐਫੀਲੀਏਟ ਜਾਂ ਐਸੋਸੀਏਟ ਹਨ ਉਨ੍ਹਾਂ ਨੂੰ ਉਕਤ ਅਨੁਸਾਰ ਪ੍ਰੋਫਾਰਮਾ ਭਰਨ ਦੀ ਲੋੜ ਨਹੀ ਹੈ ।

**ਨੋਟ: ਉਕਤ ਅਨੁਸਾਰ ਕਾਰਵਾਈ ਲਈ ਆਨ-ਲਾਇਨ ਪੋਰਟ ਬੋਰਡ ਦੀ ਵੈੱਬ ਸਾਇਟ www.pseb.ac.in → braches→ affiliation branch→ online portal for 5th and 8th ਲਈ ਅਪਲਾਈ ਕਰ ਸਕਦੀਆਂ ਹਨ।**

Satinder
27/5/19
ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।